# ਮਹਾਕਾਵਿ : ਰੂਪਾਕਾਰਕ ਵਿਸ਼ੇਸ਼ਤਾਵਾਂ ਅਤੇ ਰੂਪਾਂਤਰਣ

ਜਗਬੀਰ ਸਿੰਘ*

ਵਿਸ਼ਵ ਸਾਹਿਤ ਵਿਚ ਮਹਾਕਾਵਿ ਦੀ ਪਰੰਪਰਾ ਪੁਰਾਤਨ ਕਾਲ ਤੋਂ ਤੁਰੀ ਆ ਰਹੀ ਹੈ। ਇਸ ਦਾ ਵਿਕਾਸ ਵਿਭਿੰਨ ਸਭਿਅਤਾਵਾਂ ਅਤੇ ਸਭਿਆਚਾਰਾਂ ਦੀ ਲੋਕਧਾਰਾਈ ਪਰੰਪਰਾ ਦੇ ਅੰਤਰਗਤ ਹੋਇਆ ਮੰਨਿਆਂ ਜਾਂਦਾ ਹੈ। ਇਹ ਮੌਖਿਕ ਪਰੰਪਰਾ ਮਨੁੱਖੀ ਭਾਈਚਾਰਿਆਂ ਦੇ ਅਵਚੇਤਨ ਵਿਚ ਵਸੇ ਹੋਏ ਨਾਇਕੀ ਦੇ ਆਦਰਸ਼ ਨੂੰ ਲੋਕ-ਬਿਰਤਾਂਤ ਅਤੇ ਲੋਕ-ਗਾਇਕੀ ਦੇ ਮਾਧਿਅਮ ਰਾਹੀਂ ਮੂਰਤੀਮਾਨ ਕਰਨ ਵਲ ਰੁਚਿਤ ਰਹੀ ਹੈ, ਜਿਸ ਦੇ ਸਿੱਟੇ ਵਜੋਂ ਮਹਾਕਾਵਿ ਦਾ ਇਹ ਕਾਵਿ-ਰੂਪ ਹੋਂਦ ਵਿਚ ਆਇਆ ਹੈ। ਲੋਕਧਾਰਾ ਦੇ ਵਿਭਿੰਨ ਪਰੰਪਰਕ ਕਾਵਿ-ਰੂਪਾਂ, ਛੰਦਾਂ ਅਤੇ ਗੀਤਾਂ ਦੇ ਸੁਮੇਲ ਵਿਚੋਂ ਵਿਕਸਿਤ ਹੋਣ ਵਾਲਾ ਇਹ ਨਵਾਂ ਕਾਵਿ-ਰੂਪ ਅਸਲ ਵਿਚ ਬੌਧਿਕਤਾ ਅਤੇ ਕਲਪਨਾਸ਼ੀਲਤਾ ਦੀ ਆਜ਼ਾਦੀ ਤੇ ਪ੍ਰੌੜ੍ਹਤਾ ਦਾ ਲਖਾਇਕ ਹੈ।[1] ਇਕ ਲਿਹਾਜ਼ ਨਾਲ ਮਹਾਕਾਵਿ ਦੀ ਸਫਲਤਾ ਉਸ ਦੇ ਰਚੈਤਾ ਦੀ ਕਲਪਨਾ-ਸ਼ਕਤੀ ਅਤੇ ਜਿਉਂਦੇ ਜਾਗਦੇ ਕਿਰਦਾਰਾਂ ਦੀ ਉਸਾਰੀ ਉੱਤੇ ਨਿਰਭਰ ਕਰਦੀ ਹੈ। ਅਮੈਰੀਕਨ ਹੈਰੀਟੇਜ ਡਿਕਸ਼ਨਰੀ - *American Heritage Dictionary* - ਅਨੁਸਾਰ "ਮਹਾਕਾਵਿ ਇਕ ਅਜਿਹੀ ਵੱਡ-ਆਕਾਰੀ ਬਿਰਤਾਂਤਕ ਕਾਵਿ-ਰਚਨਾ ਹੈ ਜੋ ਉੱਦਾਤ ਜਾਂ ਗੌਰਵਮਈ ਭਾਸ਼ਾ ਵਿਚ ਕਿਸੇ ਪਰੰਪਰਕ ਜਾਂ ਲੋਕ-ਪ੍ਰਸਿੱਧ ਨਾਇਕ ਦੇ ਵੀਰਤਾ-ਭਰਪੂਰ ਕਾਰਨਾਮਿਆਂ ਦਾ ਜਸ਼ਨ ਮਨਾਉਂਦੀ ਹੈ।"[2] ਮਹਾਕਾਵਿ ਦੀ ਇਸ ਕੋਸ਼ਗਤ ਪਰਿਭਾਸ਼ਾ ਅਨੁਸਾਰ ਹੁਣ ਤਕ ਦੀ ਖੋਜ ਮੁਤਾਬਕ ਸੰਸਾਰ ਦਾ ਪਹਿਲਾ ਮਹਾਕਾਵਿ ਮੈਸੋਪੋਟਾਮੀਆਂ ਦੀ ਪੁਰਾਤਨ ਸਭਿਅਤਾ ਵਿਚ ਰਚਿਆ ਗਿਆ 'ਗਿਲਗਮੇਸ਼ ਦਾ ਮਹਾਕਾਵਿ' ਹੈ। ਇਸ ਮਹਾਕਾਵਿ ਦੀ ਕਥਾ ਨਿਹਾਇਤ ਦਿਲਕਸ਼ ਤੇ ਅਰਥ-ਭਰਪੂਰ ਹੈ। ਇਸਦੇ 12 ਅਧਿਆਇ ਹਨ ਜਿਨ੍ਹਾਂ ਵਿਚ ਅਸਾਧਾਰਣ ਪ੍ਰਤਿਭਾ ਅਤੇ ਅਲੌਕਿਕ ਸ਼ਕਤੀਆਂ ਵਾਲੇ ਅਰਧ-ਦੈਵੀ ਪਾਤਰ ਗਿਲਗਮੇਸ਼ ਦੇ ਜੀਵਨ ਅਤੇ ਕਾਰਨਾਮਿਆਂ ਦਾ ਤ੍ਰਾਸਦਿਕ ਹਾਲ ਬਿਆਨ ਕੀਤਾ ਗਿਆ ਹੈ। ਮੁਸ਼ਕਿਲ ਸਥਿਤੀਆਂ ਨਾਲ ਜੂਝਦੇ ਅਤੇ ਸਦ-ਜੀਵਨ ਦੀ ਤਲਾਸ਼ ਵਿਚ ਭਟਕਦੇ, ਇਸ ਵੀਰ ਨਾਇਕ ਨੂੰ ਅੰਤ ਵਿਚ ਨਾਕਾਮੀ ਦਾ ਮੂੰਹ ਦੇਖਣਾ ਪੈਂਦਾ ਹੈ। ਇਹ ਮਹਾਕਾਵਿ ਆਪਣੇ ਸਭਿਆਚਾਰ ਦੀਆਂ ਹੋਂਦ-ਮੁਖੀ ਸਥਿਤੀਆਂ ਅਤੇ ਕਾਮਨਾਵਾਂ ਨੂੰ ਹੀ ਮੂਰਤੀਮਾਨ ਨਹੀਂ ਕਰਦਾ ਸਗੋਂ ਪ੍ਰਤੀਕਾਤਮਕ ਤੌਰ ਤੇ ਮਨੁੱਖੀ ਹੋਂਦ ਦੀ ਹਕੀਕਤ ਨੂੰ ਵੀ ਫਰੋਲਦਾ ਹੈ।

ਸੰਸਾਰ ਦੇ ਇਸ ਪਹਿਲੇ ਅਤੇ ਮਹੱਤਵਪੂਰਣ ਮਹਾਕਾਵਿ ਤੋਂ ਬਾਦ ਪ੍ਰਾਚੀਨ ਯੂਨਾਨ ਦੇ ਦੋ ਪ੍ਰਸਿੱਧ ਮਹਾਕਾਵਿ – ਇਲਿਆਡ ਤੇ ਓਡੇਸੀ – ਆ ਜਾਂਦੇ ਹਨ ਜਿਨ੍ਹਾਂ ਦਾ ਰਚੈਤਾ ਹੋਮਰ ਨੂੰ ਮੰਨਿਆਂ ਜਾਂਦਾ ਹੈ। ਮਿੱਥ ਅਤੇ ਇਤਿਹਾਸ ਦੇ ਰਲੇ ਮਿਲੇ ਤੱਤਾਂ ਨਾਲ ਉਸਾਰੇ ਗਏ ਇਹ ਦੋਵੇਂ ਮਹਾਕਾਵਿ ਪੁਰਾਤਨ ਯੂਨਾਨ ਦੇ ਵੀਰ ਨਾਇਕਾਂ ਦੀ ਗਾਥਾ ਬਿਆਨ ਕਰਨ ਦੇ ਨਾਲ ਨਾਲ ਰਾਸ਼ਟਰੀ ਗੌਰਵ ਦੀਆਂ ਉਮੰਗਾਂ ਅਤੇ ਮੂਲ ਮਾਨਵੀ ਸਰੋਕਾਰਾਂ ਦੀ ਤਰਜਮਾਨੀ ਵੀ ਕਰਦੇ ਹਨ। ਇਸੇ ਤਰ੍ਹਾਂ

---

* ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਭਾਰਤ ਦੀ ਕਲਾਸੀਕਲ ਸਾਹਿਤ-ਪਰੰਪਰਾ ਦੇ ਅੰਤਰਗਤ ਰਚੇ ਗਏ ਦੋ ਮਹਾਕਾਵਿਆਂ – ਰਾਮਾਇਣ ਤੇ ਮਹਾਭਾਰਤ – ਦਾ ਉਲੇਖ ਕਤਿਾ ਜਾ ਸਕਦਾ ਹੈ ਜੋ ਪ੍ਰਾਚੀਨ ਭਾਰਤੀ ਸਮਾਜ-ਸਭਿਆਚਾਰ ਦੇ ਪ੍ਰੇਰਣਾਦਾਇਕ ਆਦਰਸ਼ਾਂ ਤੇ ਪ੍ਰਤਿਮਾਨਾਂ ਨੂੰ ਮੂਰਤੀਮਾਨ ਕਰਦੇ ਹਨ। ਇਨ੍ਹਾਂ ਦੀ ਕਥਾ-ਸਮੱਗਰੀ ਵਿਚ ਲੋਕਧਾਰਾ, ਇਤਿਹਾਸ ਅਤੇ ਪੁਰਾਣ ਦਾ ਅਜਿਹਾ ਅਮੀਰ ਭੰਡਾਰ ਛੁਪਿਆ ਹੋਇਆ ਹੈ ਜੋ ਇਨ੍ਹਾਂ ਨੂੰ ਭਾਰਤੀ ਸਭਿਆਚਾਰ ਦਾ ਵਿਸ਼ਵ-ਕੋਸ਼ ਬਣਾ ਦਿੰਦਾ ਹੈ। ਇਹੀ ਕਾਰਣ ਹੈ ਕਿ ਇਹ ਦੋਵੇਂ ਮਹਾਕਾਵਿ ਨੈਤਿਕ ਅਤੇ ਅਧਿਆਤਮਕ ਚੇਤਨਾ ਦਾ ਸਦੀਵੀ ਪ੍ਰੇਰਣਾ ਸਰੋਤ ਰਹੇ ਹਨ। ਇਸ ਤੋਂ ਬਾਦ ਯੂਰਪ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਅਨੇਕਾਂ ਮਹਾਕਾਵਿ ਰਚੇ ਗਏ ਹਨ ਤੇ ਅੱਜ ਤਕ ਰਚੇ ਜਾ ਰਹੇ ਹਨ, ਜਿਹੜੇ ਓਥੋਂ ਦੀ ਗੌਰਵਮਈ ਕੌਮੀ ਸਾਹਿਤਕ ਵਿਰਾਸਤ ਦਾ ਅੰਗ ਹਨ। ਪੰਜਾਬੀ ਸਮੇਤ, ਭਾਰਤ ਦੀਆਂ ਸਮੂਹ ਆਧੁਨਿਕ ਭਾਸ਼ਾਵਾਂ ਵਿਚ ਵੀ ਇਸ ਰੂਪਾਕਾਰ ਦੀਆਂ ਮੁੱਲਵਾਨ ਰਚਨਾਵਾਂ ਰਚੀਆਂ ਗਈਆਂ ਹਨ ਜਿਨ੍ਹਾਂ ਦਾ ਆਪੋ ਆਪਣਾ ਮਹੱਤਵ ਹੈ।

ਮਹਾਕਾਵਿ ਦੇ ਇਸ ਸਮੁੱਚੇ ਸਿਰਜਣਾਤਮਕ ਇਤਿਹਾਸ ਦੌਰਾਨ ਇਸ ਕਾਵਿ-ਰੂਪ ਬਾਰੇ ਸਿੱਧਾਂਤਕ ਚਿੰਤਨ ਦਾ ਅਮਲ ਵੀ ਨਾਲੋ ਨਾਲ ਜਾਰੀ ਰਹਿੰਦਾ ਹੈ। ਇਸ ਸਿੱਧਾਂਤਕ ਚਿੰਤਨ ਦੀ ਬਾਕਾਇਦਾ ਸ਼ੁਰੂਆਤ ਅੱਜ ਤੋਂ ਤਕਰੀਬਨ ਦੋ-ਢਾਈ ਹਜ਼ਾਰ ਸਾਲ ਪਹਿਲਾਂ ਪ੍ਰਾਚੀਨ ਭਾਰਤ ਅਤੇ ਯੂਨਾਨ ਵਿਚ ਹੋਈ ਜਿੱਥੇ ਇਸ ਨੂੰ ਕਾਵਿਕ ਪ੍ਰਗਟਾਵੇ ਦੀ ਇਕ ਵਿਧਾ ਵਜੋਂ ਪਰਿਭਾਸ਼ਿਤ ਕਰਨ ਦੇ ਭਰਪੂਰ ਉਪਰਾਲੇ ਸਾਮ੍ਹਣੇ ਆਉਂਦੇ ਹਨ। ਸਾਡੇ ਸਾਮ੍ਹਣੇ ਮਸਲਾ ਇਹ ਹੈ ਕਿ ਮਹਾਕਾਵਿ ਕੀ ਹੈ? ਇਸ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਕੀ ਹਨ? ਅਤੇ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤਕ ਇਸ ਦੇ ਸੰਕਲਪਗਤ ਸਰੂਪ ਵਿਚ ਕੀ ਪਰਿਵਰਤਨ ਵਾਪਰਿਆ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਤਲਾਸ਼ ਕਰਨ ਲਈ ਸਾਨੂੰ ਮਹਾਕਾਵਿ-ਸੰਬੰਧੀ ਚਿੰਤਨ ਅਤੇ ਚੇਤਨਾ ਦੇ ਇਤਿਹਾਸ ਉੱਤੇ ਨਜ਼ਰ ਮਾਰਨੀ ਪਵੇਗੀ। ਕਾਰਣ ਇਹ ਹੈ ਕਿ ਕਿਸੇ ਵੀ ਰੂਪਾਕਾਰ ਦੀ ਪਛਾਣ ਅਤੇ ਰੂਪਾਂਤਰਣ ਦਾ ਨਿਖੇੜਾ ਸਾਹਿਤਕ ਇਤਿਹਾਸ ਦੇ ਪਰਿਪੇਖ ਵਿਚ ਹੀ ਹੋ ਸਕਦਾ ਹੈ। ਸੱਚ ਤਾਂ ਇਹ ਹੈ ਕਿ ਸਾਹਿਤਕ ਪ੍ਰਵਚਨ ਨੂੰ ਰੂਪ ਤੇ ਆਕਾਰ ਦੇਣ ਵਾਲੀਆਂ ਵਿਧੀਆਂ ਅਤੇ ਵਿਧਾਵਾਂ (ਰੂਪਾਕਾਰ) ਸਾਮਾਜਿਕ-ਆਰਥਕ ਬਣਤਰ ਅਤੇ ਸਭਿਆਚਾਰਕ ਇਤਿਹਾਸ ਦੇ ਪਰਿਪੇਖ ਵਿਚ ਹੀ ਹੋਂਦ ਗ੍ਰਹਿਣ ਕਰਦੀਆਂ ਹਨ ਅਤੇ ਓਸੇ ਦੇ ਅੰਤਰਗਤ ਹੀ ਅਰਥ-ਸਾਰਥਕਤਾ ਗ੍ਰਹਿਣ ਕਰਦੀਆਂ ਹਨ। ਜਦੋਂ ਇਸ ਸਾਮਾਜਿਕ-ਸਭਿਆਚਾਰਕ ਯਥਾਰਥ ਵਿਚ ਮੌਲਿਕ ਪਰਿਵਰਤਨ ਵਾਪਰਦਾ ਹੈ ਤਾਂ ਸਾਹਿਤਕ ਰੂਪਾਕਾਰਾਂ ਵਿਚ ਪਰਿਵਰਤਨ ਵਾਪਰਨਾ ਵੀ ਸੁਭਾਵਕ ਹੀ ਹੈ। ਇਸੇ ਤੱਥ ਦੀ ਰੌਸ਼ਨੀ ਵਿਚ ਮਹਾਕਾਵਿ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਅਤੇ ਇਸ ਵਿਚ ਵਾਪਰੇ ਪਰਿਵਰਤਨ ਜਾਂ ਰੂਪਾਂਤਰਣ ਦੀ ਨਿਸ਼ਾਨਦੇਹੀ ਕਰਨ ਲਈ ਅਸੀਂ ਇਸ ਰੂਪਾਕਾਰ ਬਾਰੇ ਸਿੱਧਾਂਤਕ ਚਿੰਤਨ ਦੇ ਇਤਿਹਾਸ ਉੱਤੇ ਨਜ਼ਰ ਮਾਰਨਾ ਉਚਿਤ ਸਮਝਦੇ ਹਾਂ।

ਅਸਲ ਵਿਚ ਮਹਾਕਾਵਿ ਦੀ ਮੁੱਢਲੀ ਪਛਾਣ ਕਲਾਸੀਕਲ ਭਾਰਤੀ ਅਤੇ ਯੂਨਾਨੀ ਕਾਵਿ-ਸ਼ਾਸਤਰ ਦੇ ਅੰਤਰਗਤ ਸਥਾਪਿਤ ਹੁੰਦੀ ਹੈ ਜਿੱਥੇ ਇਸ ਦੇ ਸਰੂਪ ਅਤੇ ਸੁਭਾ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ। ਇਸ ਤੋਂ ਉਪਰੰਤ ਸਹਿਤ-ਅਧਿਐਨ ਦੇ ਅਜੋਕੇ ਪ੍ਰਸੰਗ ਵਿਚ ਇਸ ਰੂਪਾਕਾਰ ਨੂੰ ਪਰਿਭਾਸ਼ਿਤ ਅਤੇ ਪੁਨਰ-ਪਰਿਭਾਸ਼ਿਤ ਕਰਨ ਦੇ ਉਪਰਾਲੇ ਹੋਏ ਹਨ ਜੋ ਇਸ ਦੇ ਸਿੱਧਾਂਤਕ ਸਰੂਪ ਨੂੰ ਹੋਰ ਵਧੇਰੇ ਸਪਸ਼ਟ ਕਰਨ ਵਲ ਰੁਚਿਤ ਹਨ। ਅਸੀਂ ਆਪਣੀ ਚਰਚਾ ਦੀ ਸ਼ੁਰੂਆਤ ਭਾਰਤੀ ਕਾਵਿ-ਸ਼ਾਸਤਰ ਨਾਲ ਕਰ ਸਕਦੇ ਹਾਂ। ਭਾਰਤੀ ਆਚਾਰੀਆਂ ਨੇ ਸਮੁੱਚੇ ਕਾਵਿ ਨੂੰ ਭਾਸ਼ਕ ਕਲਾ ਮੰਨ

ਕੇ ਉਸਦਾ ਵਿਵੇਕਪੂਰਨ ਵਰਗੀਕਰਣ ਪ੍ਰਸਤੁਤ ਕੀਤਾ ਹੈ। ਇਸ ਸੰਦਰਭ ਵਿਚ ਆਚਾਰੀਆ ਵਿਸ਼ਵਨਾਥ ਦਾ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਜਿਸ ਨੇ ਕਾਵਿ ਦੇ ਦੋ ਬੁਨਿਆਦੀ ਭੇਦ - ਸ਼੍ਰੱਵ-ਕਾਵਿ ਅਤੇ ਦ੍ਰਿੱਸ਼-ਕਾਵਿ - ਕੀਤੇ ਹਨ। ਇਸ ਧਾਰਣਾ ਅਨੁਸਾਰ ਸ਼੍ਰੱਵ-ਕਾਵਿ ਉਹ ਕਾਵਿ ਹੈ ਜਿਸ ਨੂੰ ਸੁਣ ਕੇ ਗ੍ਰਹਿਣ ਕੀਤਾ ਅਤੇ ਮਾਣਿਆਂ ਜਾਂਦਾ ਹੈ ਅਤੇ ਦ੍ਰਿੱਸ਼-ਕਾਵਿ ਕਾਵਿ ਦਾ ਉਹ ਰੂਪ ਹੈ ਜਿਹੜਾ ਅੱਖਾਂ ਰਾਹੀ ਦੇਖਣ ਅਤੇ ਮਾਨਣ ਨਾਲ ਸੰਬੰਧ ਰੱਖਦਾ ਹੈ। ਸ਼੍ਰੱਵ-ਕਾਵਿ ਦੇ ਅੰਤਰਗਤ ਪ੍ਰਬੰਧ-ਕਾਵਿ ਅਤੇ ਮੁਕਤਕ-ਕਾਵਿ ਆਉਂਦੇ ਹਨ ਜਦੋਂ ਕਿ ਦ੍ਰਿੱਸ-ਕਾਵਿ ਦੀ ਅਗਲੇਰੀ ਵਰਗ-ਵੰਡ ਰੂਪਕ (ਨਾਟਕ) ਅਤੇ ਉਪ-ਰੂਪਕ ਦੇ ਅੰਤਰਗਤ ਕੀਤੀ ਗਈ ਹੈ। ਇਸੇ ਤਰ੍ਹਾਂ ਪ੍ਰਬੰਧ-ਕਾਵਿ ਦਾ ਵਰਗੀਕਰਣ ਮਹਾਕਾਵਿ ਅਤੇ ਖੰਡ-ਕਾਵਿ ਦੇ ਰੂਪ ਵਿਚ ਕੀਤਾ ਗਿਆ ਹੈ। ਭਾਰਤੀ ਆਚਾਰੀਆਂ ਨੇ ਮਹਾਕਾਵਿ ਨੂੰ ਮੁੱਢਲੇ ਰੂਪ ਵਿਚ ਸ਼੍ਰੱਵ-ਕਾਵਿ ਅਤੇ ਦੂਜੈਲੇ ਰੂਪ ਵਿਚ ਪ੍ਰਬੰਧ-ਕਾਵਿ ਦੇ ਅੰਤਰਗਤ ਰੱਖਿਆ ਹੈ।

ਭਾਰਤੀ ਕਾਵਿ-ਸ਼ਾਸਤਰ ਦੇ ਅੰਤਰਗਤ ਮਹਾਕਾਵਿ ਦੀ ਪਰਿਭਾਸ਼ਾ ਪ੍ਰਸਤੁਤ ਕਰਨ ਦਾ ਪਹਿਲਾ ਜਤਨ ਭਾਮਹ (ਪੰਜਵੀਂ ਸਦੀ ਈ.) ਨੇ ਕੀਤਾ। ਉਸ ਨੇ ਆਪਣੀ ਪ੍ਰਸਿੱਧ ਰਚਨਾ 'ਕਾਵਿਯਲੰਕਾਰ' ਵਿਚ ਇਸਦੀ ਨਿਮਨ-ਅੰਕਿਤ ਪਰਿਭਾਸ਼ਾ ਪੇਸ਼ ਕੀਤੀ ਹੈ -

"ਲੰਮੇ ਕਥਾਨਕ ਵਾਲਾ, ਮਹਾਨ ਚਰਿਤਰਾਂ ਉੱਪਰ ਆਧਾਰਿਤ, ਨਾਟਕੀ ਪੰਜ ਸੰਧੀਆਂ ਨਾਲ ਸੰਜੁਗਤ, ਉਤਕ੍ਰਿਸ਼ਟ ਅਤੇ ਅਲੰਕ੍ਰਿਤ ਸ਼ੈਲੀ ਵਿਚ ਲਿਖਿਆ ਹੋਇਆ ਅਤੇ ਜੀਵਨ ਦੇ ਵਿਭਿੰਨ ਰੂਪਾਂ ਅਤੇ ਕਾਰਜਾਂ ਦਾ ਵਰਣਨ ਕਰਨ ਵਾਲਾ ਸਰਗਬੱਧ ਸੁਖਾਂਤ ਕਾਵਿ ਹੀ ਮਹਾਕਾਵਿ ਅਕਵਾਉਂਦਾ ਹੈ।" ਇਸ ਤੋਂ ਉਪਰੰਤ ਅਚਾਰੀਆ ਦੰਡੀ ਨੇ ਭਾਮਾਹ ਦੀ ਪਰਿਭਾਸ਼ਾ ਨੂੰ ਸਮੇਟਦਿਆਂ ਹੋਇਆਂ ਮਹਾਂ ਕਾਵਿ ਦੇ ਸਥੂਲ ਬਾਹਰਲੇ ਲੱਛਣਾ ਉੱਤੇ ਜ਼ਿਆਦਾ ਜ਼ੋਰ ਦਿੱਤਾ। ਉਸਦੇ ਅਨੁਸਾਰ ਮਹਾਕਾਵਿ ਉਹ ਹੈ ਜਿਸਦਾ ਕਥਾਨਕ ਇਤਿਹਾਸ ਜਾਂ ਕਥਾ ਉੱਤੇ ਅਦਾਰਿਤ ਹੁੰਦਾ ਹੈ, ਜਿਸਦਾ ਨਾਇਕ ਸੂਝਵਾਨ ਅਤੇ ਉਦਾਤ ਹੁੰਦਾ ਹੈ, ਜਿਸਦਾ ਉਦੇਸ਼ ਚਾਰ ਪਦਾਰਥਾਂ ਦੀ ਪ੍ਰਾਪਤੀ, ਜਿਹੜਾ ਅਲੰਕ੍ਰਿਤ ਹੋਵੇ, ਭਾਵਾਂ ਅਤੇ ਰਸਾਂ ਨਾਲ ਭਰਪੂਰ ਹੋਵੇ ਅਤੇ ਵੱਡੇ ਅਕਾਰ ਦਾ ਸਰਗਵੱਧ ਅਤੇ ਪੰਜ ਸੰਧੀਆਂ ਨਾਲ ਸੰਯੁਕਤ ਹੋਵੇ। ਦੰਡੀ ਨੇ ਮਹਾਕਾਵਿ ਦੇ ਅਰੰਭ, ਵਰਣਨਯੋਗ ਵਸਤੂ ਵਿਹਾਰ ਅਤੇ ਸਰਗ ਤੇ ਛੰਦ ਬਾਰੇ ਵਿਸ਼ੇਸ਼ ਧਿਆਨ ਦਿੱਤਾ। ਇਸਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਸਨੇ ਮਹਾਭਾਰਤ ਅਤੇ ਰਮਾਇਣ ਵਰਗੇ ਗ੍ਰੰਥਾਂ ਨੂੰ ਸਾਹਮਣੇ ਨਹੀਂ ਰਖਿਆ ਸਗੋਂ ਅਸਵਘੋਸ਼ ਅਤੇ ਕਾਲ਼ੀਦਾਸ ਵਰਗੇ ਕਵੀਆਂ ਦੇ ਮਹਾਕਾਵਿ ਨੂੰ ਹੀ ਸਾਹਮਣੇ ਰੱਖਿਆ। ਆਚਾਰੀਆ ਦੰਡੀ ਦੀ ਪਰਿਭਾਸ਼ਾ ਹੀ ਅੱਗੇ ਜਾ ਕੇ ਵਧੇਰੇ ਪ੍ਰਚੱਲਤ ਹੋਈ ਅਤੇ ਬਾਅਦ ਵਿਚ ਆਚਾਰੀਆ ਵਿਸ਼ਵ ਨਾਥ ਨੇ ਕੁਝ ਹੋਰ ਗੱਲਾਂ ਜੋੜਕੇ ਮਹਾਕਾਵਿ ਦੇ ਲੱਛਣ ਬਿਆਨ ਕੀਤੇ।[3]

ਰੁੱਦ੍ਰਟ ਦੀ ਪਰਿਭਾਸ਼ਾ ਉਪ੍ਰੋਕਤ ਸਮੂਹ ਆਚਾਰਿਆਂ ਦੇ ਮਤਾਂ ਨਾਲੋਂ ਵਧੇਰੇ ਵਿਆਪਕ ਹੈ। ਉਸਨੇ ਸੰਸਕ੍ਰਿਤ ਦੇ ਪਰਵਰਤੀ ਮਹਾਕਾਵਿਆਂ ਤੋਂ ਇਲਾਵਾ ਰਾਮਾਇਣ, ਮਹਾਭਾਰਤ ਅਤੇ ਪ੍ਰਾਕਿਰਤ, ਅਪਭ੍ਰੰਸ਼ ਅਤੇ ਸੰਸਕ੍ਰਿਤ ਦੇ ਪੌਰਾਣਿਕ ਰੁਮਾਂਸਿਕ ਮਹਾਕਾਵਿਆਂ ਨੂੰ ਧਿਆਨ ਵਿਚ ਰਖਕੇ ਇਸ ਰੂਪਾਕਾਰ ਦੇ ਲੱਛਣ ਨਿਰਧਾਰਤ ਕੀਤੇ। ਉਸਦੇ ਅਨੁਸਾਰ ਮਹਾਕਾਵਿ ਦਾ ਨਾਇਕ ਕੁਲੀਨ ਜਾਤੀ ਦਾ, ਸਰਬ ਗੁਣ ਸੰਪਨ, ਮਹਾਵੀਰ, ਜੇਤੂ ਪ੍ਰਵਿਰਤੀ ਵਾਲਾ, ਸ਼ਕਤੀਵਾਨ, ਨੀਤੀਵਾਨ ਅਤੇ ਕੁਸ਼ਲ ਰਾਜਾ ਹੁੰਦਾ ਹੈ। ਅਤੇ ਅੰਤ ਵਿਚ ਉਸਦੀ ਜਿੱਤ ਹੁੰਦੀ ਹੈ। ਇਸਦੇ ਨਾਲ ਹੀ ਉਸਨੇ ਮਹਾਕਾਵਿਆਂ ਵਿਚਲੇ ਪ੍ਰਤੀਨਾਇਕ ਅਤੇ ਉਸਦੇ ਕੁਲ ਦਾ ਵਰਣਨ ਵੀ ਕੀਤਾ ਹੈ। ਉਸਦੇ ਅਨੁਸਾਰ ਮਹਾਕਾਵਿਆਂ ਵਿਚ

ਨਗਰ ਦਾ ਵਰਣਨ, ਨਾਇਕ ਦੇ ਵੰਸ਼ ਦੀ ਪ੍ਰਸ਼ੰਸਾ ਅਤੇ ਉਸ ਵਿਚ ਅਲੌਕਿਕ ਜਾਂ ਪਰਾ-ਸਰੀਰਕ ਤੱਤਾਂ ਦਾ ਸਮਾਵੇਸ਼ ਵੀ ਹੁੰਦਾ ਹੈ। ਇਸ ਤਰ੍ਹਾਂ ਰੁੱਦ੍ਰਕ ਨੇ ਪੌਰਾਣਿਕ ਅਤੇ ਰੁਮਾਂਸਿਕ ਮਹਾਕਾਵਿ ਦੀ ਸਥਿਤੀ ਵੀ ਸਵੀਕਾਰ ਕੀਤੀ ਹੈ ਜਿਸਨੂੰ ਹੋਰਨਾਂ ਆਚਾਰਿਆਂ ਨੇ ਨਹੀਂ ਮੰਨਿਆ। ਜ਼ਾਹਰ ਹੈ ਕਿ ਇਨ੍ਹਾਂ ਆਚਾਰੀਆਂ ਨੇ ਕਲਾਸੀਕਲ ਸੰਸਕ੍ਰਿਤ ਵਿਚ ਰਚੇ ਗਏ ਮਹਾਕਾਵਿਆਂ ਨੂੰ ਮੁੱਖ ਰੱਖ ਕੇ ਹੀ ਮਹਾਕਾਵਿ ਦੇ ਸਰੂਪ ਅਤੇ ਸੁਭਾ ਦਾ ਵਿਵੇਚਨ ਕੀਤਾ ਹੈ।

ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਆਪਣੀ ਪੁਸਤਕ 'ਭਾਰਤੀ ਕਾਵਿ-ਸ਼ਾਸਤਰ' ਵਿਚ ਪ੍ਰਾਚੀਨ ਭਾਰਤੀ ਕਾਵਿ-ਸ਼ਾਸਤਰ ਦੇ ਪ੍ਰਮੁੱਖ ਆਚਾਰੀਆਂ ਦੇ ਹਵਾਲੇ ਨਾਲ ਮਹਾਕਾਵਿ ਦੇ ਗੁਣ-ਲੱਛਣਾਂ ਦਾ ਵਿਸਤ੍ਰਿਤ ਵਿਵੇਚਨ ਪੇਸ਼ ਕੀਤਾ ਹੈ। ਉਸ ਨੇ ਆਪਣੀ ਪੁਸਤਕ ਵਿਚ ਭਾਮਹ, ਦੰਡੀ, ਰੁਦ੍ਰਟ ਅਤੇ ਵਿਸ਼ਵਨਾਥ ਦੇ ਮਹਾਕਾਵਿ ਸੰਬੰਧੀ ਮਤਾਂ ਦਾ ਸਾਰ ਪ੍ਰਸਤੁਤ ਕੀਤਾ ਹੈ। ਇਸ ਸਾਰੀ ਵਿਚਾਰ-ਚਰਚਾ ਨੂੰ ਸਮੇਟਦਿਆਂ ਉਸ ਨੇ 'ਸਾਹਿਤਯ ਦਰਪਨ' ਦੇ ਕਰਤਾ ਆਚਾਰੀਆ ਵਿਸ਼ਵਨਾਥ ਦੇ ਵਿਚਾਰਾਂ ਨੂੰ ਪ੍ਰਤਿਨਿਧ ਅਤੇ ਟਕਸਾਲੀ ਮੰਨਿਆਂ ਹੈ। ਵਿਸ਼ਵਨਾਥ ਨੇ ਸਾਰੇ ਪੂਰਵ ਵਰਤੀ ਆਚਾਰਿਆਂ ਦੇ ਮਤਾਂ ਵਿਚ ਸੁਮੇਲ ਸਥਾਪਤ ਕਰਕੇ, ਪਰ ਖਾਸ ਤੌਰ 'ਤੇ ਦੰਡੀ ਦੀ ਪਰਿਭਾਸ਼ਾ ਨੂੰ ਅਧਾਰ ਬਣਾਕੇ ਮਹਾਕਾਵਿ ਦੇ ਲੱਛਣ ਨਿਰਧਾਰਤ ਕੀਤੇ ਹਨ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ ਵਿਸ਼ਵਨਾਥ ਦੇ ਮਹਾਕਾਵਿ ਸੰਬੰਧੀ ਵਿਚਾਰਾਂ ਦਾ ਸੰਖੇਪ ਸਾਰ ਨਿਮਨ-ਅੰਕਿਤ ਹੈ :

1. ਮਹਾਕਾਵਿ ਦੀ ਕਹਾਣੀ (ਕਥਾਨਕ) ਸਰਗਾਂ ਵਿਚ ਜੜੀ ਹੋਈ ਹੁੰਦੀ ਹੈ।
2. ਨਾਇਕ ਦੇਵਤਾ ਜਾਂ ਉੱਚ ਘਰਾਣੇ ਦਾ ਜੰਮ-ਪਲ ਹੁੰਦਾ ਹੈ, ਉਸ ਵਿਚ ਨਾਇਕ ਦੇ ਧੀਰਜ ਵਾਲੇ, ਉੱਚਤਾ ਵਾਲੇ ਗੁਣ ਹੁੰਦੇ ਹਨ, ਗੰਭੀਰਤਾ, ਖਿਮਾ, ਨਿਮਰਤਾ, ਦ੍ਰਿੜ੍ਹਤਾ, ਸਵੈਮਾਨ ਹੁੰਦਾ ਹੈ।
3. ਸ਼ਿੰਗਾਰ ਰਸ, ਵੀਰ ਰਸ ਤੇ ਸ਼ਾਂਤ ਰਸ ਵਿਚੋਂ ਕੋਈ ਪ੍ਰਧਾਨ ਰਸ ਹੁੰਦਾ ਹੈ। ਬਾਕੀ ਸਹਾਇਕ ਰਸ ਹੁੰਦੇ ਹਨ।
4. ਕਥਾਨਕ ਵਿਚ ਨਾਟਕੀ ਸੰਧੀਆਂ ਹੋਣ।
5. ਇਤਿਹਾਸ-ਪ੍ਰਸਿੱਧ ਜਾਂ ਉੱਚ-ਆਚਰਣ ਨਾਲ ਸੰਬੰਧਿਤ ਕਹਾਣੀ ਹੋਵੇ।
6. ਧਰਮ, ਅਰਥ, ਕਾਮ ਅਤੇ ਮੋਖ ਚਾਰ ਪਦਾਰਥਾਂ ਦਾ ਉਲੇਖ ਹੋਵੇ।
7. ਮੁੱਢ ਵਿਚ ਮੰਗਲਾਚਰਣ, ਪਰਮਾਤਮਾ ਦੀ ਬੰਦਨਾ, ਆਸ਼ੀਰਵਾਦ, ਸੱਜਣਾਂ ਦੀ ਪ੍ਰਸੰਸਾ, ਦੁਸ਼ਟਾਂ ਦੀ ਨਿੰਦਾ ਹੁੰਦੀ ਹੈ।
8. ਸਰਗ ਦੇ ਅਖੀਰ ਵਿਚ ਛੰਦ ਬਦਲ ਜਾਵੇ ਪਰ ਕਹਾਣੀ ਦੇ ਵਹਿਣ ਨੂੰ ਨਿਰਵਿਘਨ ਜਾਰੀ ਰੱਖਣ ਲਈ ਇਕੋ ਤਰ੍ਹਾਂ ਦੇ ਛੰਦ ਹੋਣ।
9. ਘਟੋ, ਘਟ ਅੱਠ ਛੰਦ ਹੋਣ ਜੋ ਨਾ ਤਾਂ ਬਹੁਤ ਵੱਡੇ ਅਤੇ ਨਾ ਹੀ ਬਹੁਤ ਛੋਟੇ ਹੋਣ।
10. ਸਰਗ ਦੇ ਅੰਤ ਵਿਚ ਅਗਲੇ ਸਰਗ ਵਿਚ ਆਉਣ ਵਾਲੀ ਕਹਾਣੀ ਦੀ ਪਹਿਲਾਂ ਹੀ ਸੂਚਨਾ ਹੁੰਦੀ ਹੈ।
11. ਮੌਕੇ ਮੁਤਾਬਕ ਅਤੇ ਥਾਂ ਸਿਰ ਆਥਣ, ਸੂਰਜ, ਰਾਤ, ਹਨੇਰਾ, ਪ੍ਰਭਾਤ, ਦੁਪਹਿਰ, ਸ਼ਿਕਾਰ, ਪਹਾੜ, ਰੁੱਤਾਂ, ਜੰਗਲਾਂ, ਸਮੁੰਦਰਾਂ, ਵਿਆਹ ਤੇ ਉਤਸਵਾਂ, ਰਾਜਕੁਮਾਰਾਂ ਦੇ ਜਨਮ ਦਿਨਾਂ ਦਾ ਵਰਣਨ ਹੁੰਦਾ ਹੈ।
12. ਮਹਾਕਾਵਿ ਦਾ ਨਾਮ ਕਵੀ, ਕਥਾਨਕ, ਨਾਇਕ ਜਾਂ ਹੋਰ ਕਿਸੇ ਪਾਤਰ ਨੂੰ ਮੁੱਖ ਰੱਖ ਕੇ ਰਖਿਆ ਜਾ ਸਕਦਾ ਹੈ।

ਦੇਖਿਆ ਜਾਵੇ ਤਾਂ ਆਚਾਰੀਆਂ ਵਿਸ਼ਵਨਾਥ ਨੇ ਆਪਣੀ ਪਰਿਭਾਸ਼ਾ ਵਿਚ ਮਹਾਕਾਵਿ ਦੇ ਬਾਹਰਮੁਖੀ ਜਾਂ ਸਥਾਈ ਲੱਛਣਾਂ ਉੱਤੇ ਹੀ ਵਧੇਰੇ ਬੱਲ ਦਿੱਤਾ ਹੈ, ਉਨ੍ਹਾਂ ਦੇ ਮੂਲ ਤੱਤਾਂ 'ਤੇ ਅਧਾਰਤ ਸਥਾਈ ਲੱਛਣਾਂ 'ਤੇ ਨਹੀਂ। ਇਸ ਤੋਂ ਇਲਾਵਾ ਉਸਨੇ ਇਹ ਵੀ ਸ਼ਰਤ ਲਗਾ ਦਿੱਤੀ ਕਿ ਮਹਾਕਾਵਿ ਦਾ ਨਾਇਕ ਕੁਲੀਨ, ਖੱਤਰੀ ਜਾਂ ਦੇਵਤਾ ਹੋਣਾ ਚਾਹੀਦਾ ਹੈ ਅਤੇ ਮਹਾਕਾਵਿ ਵਿਚ ਅੱਠ ਜਾਂ ਇਸਤੋਂ ਵਧੇਰੇ ਸਰਗ ਹੋਣੇ ਚਾਹੀਦੇ ਹਨ।

ਭਾਰਤੀ ਆਚਾਰੀਆਂ ਦੇ ਮਹਾਕਾਵਿ ਸੰਬੰਧੀ ਵਿਚਾਰਾਂ ਦਾ ਵਿਵੇਚਨ ਕਰਨ ਤੋਂ ਬਾਦ ਅਸੀਂ ਪੱਛਮੀ ਸਾਹਿਤ-ਚਿੰਤਨ ਵਲ ਪਰਤਦੇ ਹਾਂ। ਪੱਛਮ ਵਿਚ ਸਾਹਿਤ-ਚਿੰਤਨ ਦੀ ਬਾਕਾਇਦਾ ਸ਼ੁਰੂਆਤ ਅਰਸਤੂ ਦੇ ਕਾਵਿ-ਸ਼ਾਸਤਰ ਨਾਲ ਹੁੰਦੀ ਹੈ। ਸੱਚ ਤਾਂ ਇਹ ਹੈ ਕਿ ਪੱਛਮ ਵਿਚ ਮਹਾਕਾਵਿ ਬਾਰੇ ਅਰਸਤੂ ਨੇ ਹੀ ਸਭ ਤੋਂ ਵੱਧ ਵਿਚਾਰ ਕੀਤਾ ਹੈ। ਯੂਨਾਨ ਵਿਚ ਉਸ ਵੇਲੇ ਕਾਵਿ ਦੇ ਤਿੰਨ ਰੂਪ ਪ੍ਰਚੱਲਤ ਸਨ- ਮਹਾਕਾਵਿ, ਗੀਤ ਕਾਵਿ ਅਤੇ ਦੁਖਾਂਤ ਨਾਟਕ। ਅਰਸਤੂ ਦੇ ਅਨੁਸਾਰ ਮਹਾਕਾਵਿ ਉਹ ਕਾਵਿ ਰੂਪ ਹੈ ਜਿਸ ਵਿਚ ਕਥਾਤਮਕ ਅਨੁਕਰਣ ਹੁੰਦਾ ਹੈ, ਜਿਹੜਾ ਛੱਟਪਤੀ ਛੰਦ ਵਿਚ ਲਿਖਿਆ ਹੁੰਦਾ ਹੈ, ਜਿਸਦਾ ਕਥਾਨਕ ਆਦਿ, ਮੱਧ ਤੇ ਅੰਤ ਨਾਲ ਸੰਯੁਕਤ ਹੁੰਦਾ ਹੈ ਅਤੇ ਜਿਸ ਵਿਚ ਜੀਵੰਤ ਵਿਕਾਸ ਇਸ ਤਰ੍ਹਾਂ ਦਿਖਾਇਆ ਜਾਂਦਾ ਹੈ ਕਿ ਉਹ ਜੀਉਂਦੇ ਜਾਗਦੇ ਪ੍ਰਾਣੀ ਵਾਂਗ ਪੂਰਣ ਇਕਾਈ ਨਜ਼ਰ ਆਉਂਦਾ ਹੈ। ਅਰਸਤੂ ਦੇ ਮਤ-ਅਨੁਸਾਰ ਮਹਾਕਾਵਿ ਵਿਚ ਸਮੁਚਿਤ ਅਨੰਦ ਪ੍ਰਦਾਨ ਕਰਨ ਦੀ ਯੋਗਤਾ ਹੁੰਦੀ ਹੈ। ਉਸਦਾ ਰੂਪਾਤਮਕ ਗਠਨ ਇਤਿਹਾਸ ਨਾਲੋਂ ਬਿਲਕੁਲ ਵੱਖਰਾ ਹੁੰਦਾ ਹੈ ਕਿਉਂਕਿ ਕਵੀ ਮਹਾਕਾਵਿ ਦੀ ਸਮੱਗ੍ਰੀ ਨੂੰ ਇਤਿਹਾਸ ਵਿਚੋਂ ਇਸ ਤਰ੍ਹਾਂ ਚੁਣਦਾ ਹੈ ਕਿ ਉਸ ਵਿਚ ਕਾਰਜ-ਕਾਰਣ ਸੰਬੰਧ ਦੀ ਨਿਰੰਤਰਤਾ ਨਜ਼ਰ ਆਉਂਦੀ ਹੈ ਜਿਹੜੀ ਇਤਿਹਾਸ ਵਿਚ ਨਹੀਂ ਹੁੰਦੀ। ਅਰਸਤੂ ਦੇ ਅਨੁਸਾਰ ਕਵੀ ਪੂਰਵ ਕਾਲੀ ਜਾਂ ਸਮਕਾਲੀ ਘਟਨਾਵਾਂ ਦਾ ਵਰਣਨ ਵੀ ਉਪ-ਕਥਾਵਾਂ ਦੇ ਰੂਪ ਵਿਚ ਕਰ ਸਕਦਾ ਹੈ ਅਤੇ ਵੱਖ ਵੱਖ ਤਰ੍ਹਾਂ ਦੇ ਵਿਸ਼ੇ ਵਸਤੂ ਦਾ ਵੇਰਵਾ ਪੇਸ਼ ਕਰ ਸਕਦਾ ਹੈ ਜਿਸ ਨਾਲ ਯੁੱਗ ਵਿਸ਼ੇਸ਼ ਦੇ ਵਿਭਿੰਨ ਪੱਖਾਂ ਅਤੇ ਰੂਪਾਂ ਦੀ ਜਾਣਕਾਰੀ ਮਿਲਦੀ ਹੈ। ਉਸ ਨੇ ਮਹਾਕਾਵਿ ਵਿਚ ਨਾਟਕੀ ਤੱਤਾਂ, ਪਰਾ ਸਰੀਰਕ ਅਤੇ ਅਲੌਕਿਕ ਕਾਰਜਾਂ ਜਾਂ ਘਟਨਾਵਾਂ, ਕਥਾਨਕ ਵਿਚ ਵਰਤੀ ਕਲਪਨਾ ਅਤੇ ਸੰਭਾਵਨਾਂ ਉੱਪਰ ਅਧਾਰਤ ਤੱਥਾਂ ਅਤੇ ਮਹਾਕਾਵਿ ਦੀ ਭਾਸ਼ਾ ਤੇ ਸ਼ਬਦ ਚੋਣ ਬਾਰੇ ਵੀ ਵਿਚਾਰ ਕੀਤਾ ਹੈ। ਇਸ ਤਰ੍ਹਾਂ ਉਸਦੀ ਪਰਿਭਾਸ਼ਾ ਗਾਥਾ ਚੱਕਰਾਂ ਨਾਲ ਵਿਕਸਤ ਜਾਂ ਵਿਕਾਸਸ਼ੀਲ ਮਹਾਕਾਵਿਆਂ ਦੇ ਅਧਾਰ 'ਤੇ ਨਿਰਮਿਤ ਹੋਈ ਹੈ। ਅਰਸਤੂ ਦੇ ਮਤ ਅਨੁਸਾਰ ਹੋਮਰ ਹੀ ਅਜਿਹਾ ਕਵੀ ਹੈ ਜਿਹੜਾ ਮਹਾਕਾਵਿਕ ਬਿਰਤਾਂਤ ਦੇ ਸਹੀ ਆਕਾਰ ਨੂੰ ਪਛਾਣਦਾ ਹੈ। ਉਹ ਇਹ ਵੀ ਜਾਣਦਾ ਹੈ ਕਿ ਕਦੋਂ ਘਟਨਾਵਾਂ ਦਾ ਬਿਆਨ ਕਰਨਾ ਹੈ ਤੇ ਕਦੋਂ ਪਾਤਰਾਂ ਨੂੰ ਆਪਣੀ ਗੱਲ ਖ਼ੁਦ ਆਖਣ ਦਾ ਮੌਕਾ ਪ੍ਰਦਾਨ ਕਰਨਾ ਹੈ।

ਪ੍ਰਸਿੱਧ ਸਮਕਾਲੀ ਵਿਦਵਾਨ ਰੌਬਰਟ ਹੈਰਿਸ ਨੇ ਆਪਣੀ ਪੁਸਤਕ 'ਏ ਗਲੌਸਰੀ ਆਫ਼ ਲਿਟ੍ਰੇਰੀ ਟਰਮਜ਼' ਵਿਚ ਕਲਾਸੀਕਲ ਮਹਾਕਾਵਿ ਦੀ ਰਚਨਾ-ਵਿਧੀ ਅਤੇ ਉਸਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਦਾ ਵਿਸਤ੍ਰਿਤ ਲੇਖਾ-ਜੋਖਾ ਪੇਸ਼ ਕੀਤਾ ਹੈ ਜੋ ਇਸਦੇ ਸੰਕਲਪ ਤੇ ਸਰੂਪ ਨੂੰ ਹੋਰ ਵਧੇਰੇ ਸਪਸ਼ਟ ਕਰਦਾ ਹੈ।[4] ਇਸ ਵਿਚ ਕਲਾਸੀਕਲ ਮਹਾਕਾਵਿ ਦੇ ਨਿੱਖੜਵੇਂ ਲੱਛਣਾਂ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਨਾਲ ਉਸਦੀਆਂ ਪ੍ਰਤਿਨਿਧ ਸਿਰਜਣਾ-ਰੂੜ੍ਹੀਆਂ ਵਲ ਵੀ ਸੰਕੇਤ ਕੀਤਾ

ਗਿਆ ਹੈ। ਹੈਰਿਸ ਦੇ ਅਨੁਸਾਰ ਕਲਾਸੀਕਲ ਮਹਾਕਾਵਿ ਦੇ ਵਿਸ਼ੈਗਤ ਪਾਸਾਰ ਨਾਲ ਸੰਬੰਧਿਤ ਕੁਝ ਗੁਣ-ਲੱਛਣ ਇਹ ਹਨ :

- ਮਹਾਕਾਵਿ ਦਾ ਮੁੱਖ ਪਾਤਰ ਜਾਂ ਨਾਇਕ ਮਹਾਨਤਾ ਦਾ ਧਾਰਣੀ ਹੁੰਦਾ ਹੈ ਅਤੇ ਕੌਮੀ ਜਾਂ ਲੋਕ-ਨਾਇਕ ਹੋਣ ਦਾ ਰੁਤਬਾ ਰੱਖਦਾ ਹੈ।
- ਨਾਇਕ ਦੇ ਕਾਰਜਾਂ ਨੂੰ ਬਿਨਾ ਕਿਸੇ ਤਰਫ਼ਦਾਰੀ ਦੇ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚ ਉਸਦੇ ਗੁਣਾਂ ਦੇ ਨਾਲ ਨਾਲ ਉਸ ਦੇ ਔਗੁਣਾਂ ਦਾ ਵਰਣਨ ਵੀ ਹੁੰਦਾ ਹੈ।
- ਨਾਇਕ ਦੇ ਕਾਰਨਾਮੇ ਉਸਦੀ ਅਸਾਧਾਰਣ ਜਾਂ ਅਲੌਕਿਕ ਸ਼ਕਤੀ ਦਾ ਪ੍ਰਦਰਸ਼ਨ ਕਰਨ ਵਾਲੇ ਹੁੰਦੇ ਹਨ।
- ਮਹਾਕਾਵਿ ਵਿਚ ਪੇਸ਼ ਕਥਾ-ਵੇਰਵੇ ਭਾਵੇ ਕਾਲਪਨਿਕ ਵੀ ਹੋਣ ਪਰ ਇਹ ਉਸ ਕੌਮ ਜਾਂ ਭਾਈਚਾਰੇ ਦੇ ਇਤਿਹਾਸ ਦੀਆਂ ਕੁਝ ਵਿਸ਼ੇਸ਼ ਘਟਨਾਵਾਂ ਅਤੇ ਪਰਿਸਥਿਤੀਆਂ ਦੀ ਵਿਆਖਿਆ ਪੇਸ਼ ਕਰਨ ਵਿਚ ਸਹਾਈ ਹੁੰਦੇ ਹਨ।

'ਹਿੰਦੀ ਸਾਹਿਤ ਕੋਸ਼' ਵਿਚ ਵੀ ਮਹਾਕਾਵਿ ਦੀ ਇਕ ਅਜਿਹੀ ਵਿਆਪਕ ਪਰਿਭਾਸ਼ਾ ਦਿੱਤੀ ਗਈ ਹੈ ਜੋ ਪੂਰਬ ਅਤੇ ਪੱਛਮ ਦੇ ਸਮੂਹ ਮਹਾਕਾਵਿਆਂ ਦੇ ਪ੍ਰਤਿਨਿਧ ਗੁਣ-ਲੱਛਣਾਂ ਦਾ ਉਲੇਖ ਕਰਦੀ ਹੈ: "ਮਹਾਕਾਵਿ ਇਕ ਅਜਿਹਾ ਛੰਦ-ਬੱਧ, ਕਥਾਤਮਕ ਕਾਵਿ-ਰੂਪ ਹੈ, ਜਿਸ ਵਿਚ ਪੇਸ਼ ਕਥਾ-ਪ੍ਰਵਾਹ ਜਾਂ ਅਲੰਕ੍ਰਿਤ ਵਰਣਨ ਅਥਵਾ ਮਨੋਵਿਗਿਆਨਕ ਚਿਤਰਣ ਨਾਲ ਯੁਕਤ ਅਜਿਹਾ ਸੁਨਿਯੋਜਿਤ, ਵਿਸਤ੍ਰਿਤ ਅੰਗਾਂ-ਅੰਸ਼ਾਂ ਵਾਲਾ ਜੀਵੰਤ ਅਤੇ ਲੰਮਾ ਕਥਾਨਕ ਹੋਵੇ, ਜਿਹੜਾ ਪੂਰੇ ਤੌਰ ਤੇ ਰਸਾਤਮਕ ਜਾਂ ਪ੍ਰਭਾਵਮਈ ਹੋਣ ਦੇ ਸਮਰੱਥ ਹੋ ਸਕੇ, ਜਿਸ ਵਿਚ ਯਥਾਰਥ, ਕਲਪਨਾ ਜਾਂ ਸੰਭਾਵਨਾ ਤੇ ਆਧਾਰਿਤ ਅਜਿਹੇ ਕਿਰਦਾਰ ਹੋਣ ਜਾਂ ਕਿਰਦਾਰਾਂ ਦੇ ਮਹੱਤਵਪੂਰਣ ਜੀਵਨ-ਕਾਲ ਦਾ ਪੂਰਣ ਜਾਂ ਆਂਸ਼ਿਕ ਰੂਪ ਵਿਚ ਵਰਣਨ ਹੋਵੇ, ਜਿਹੜਾ ਕਿਸੇ ਦੌਰ ਦੇ ਸਾਮਾਜਿਕ ਜੀਵਨ ਦੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਤਿਨਿਧਤਾ ਕਰ ਸਕੇ, ਜਿਸ ਵਿਚ ਕਿਸੇ ਮਹੱਤਵਪੂਰਣ ਪ੍ਰੇਰਣਾ ਤੋਂ ਅਨੁਪ੍ਰਾਣਿਤ ਹੋ ਕੇ ਕਿਸੇ ਉੱਦੇਸ਼ ਦੀ ਪ੍ਰਾਪਤੀ ਲਈ ਕਿਸੇ ਮਹੱਤਵਪੂਰਣ, ਗੰਭੀਰ ਅਥਵਾ ਰਹੱਸਮਈ ਅਤੇ ਹੈਰਾਨੀਜਨਕ ਘਟਨਾ ਜਾਂ ਘਟਨਾਵਾਂ ਦਾ ਸਹਾਰਾ ਲੈ ਕੇ ਸਮਨਵਿਤ ਰੂਪ ਵਿਚ ਸਮੁੱਚੇ ਜੀਵਨ ਦੇ ਵਿਵਿਧ ਰੂਪਾਂ, ਪੱਖਾਂ, ਮਾਨਸਿਕ ਅਵਸਥਾਵਾਂ ਅਤੇ ਕਾਰਜਾਂ ਦਾ ਵਰਣਨ ਅਤੇ ਉਦਘਾਟਨ ਕੀਤਾ ਗਿਆ ਹੋਵੇ ਅਤੇ ਜਿਸਦੀ ਸ਼ੈਲੀ ਇਤਨੀ ਉੱਦਾਤ ਤੇ ਗਰਿਮਾਮਈ ਹੋਵੇ ਕਿ ਜੁਗਾਂ-ਜੁਗਾਂ ਤਕ ਮਹਾਕਾਵਿ ਨੂੰ ਜਿਉਂਦਾ ਰਹਿਣ ਦੀ ਸ਼ਕਤੀ ਪ੍ਰਦਾਨ ਕਰ ਸਕੇ"[5]

ਆਧੁਨਿਕ ਕਾਲ ਦੇ ਪੱਛਮੀ ਆਲੋਚਕਾਂ ਨੇ ਮਹਾਕਾਵਿ ਦੀ ਪਰਿਭਾਸ਼ਾ ਨੂੰ ਹੋਰ ਵਧੇਰੇ ਵਿਆਪਕ ਬਣਾਉਣ ਦਾ ਯਤਨ ਕੀਤਾ ਹੈ। ਇਨ੍ਹਾਂ ਚਿੰਤਕਾਂ ਨੇ ਕਲਾਸੀਕਲ ਯੂਨਾਨੀ ਮਹਾਕਾਵਿਆਂ ਸਮੇਤ ਪੱਛਮ ਦੀ ਸਮੁੱਚੀ ਕਾਵਿ-ਸ਼ਾਸਤਰੀ ਪਰੰਪਰਾ ਨੂੰ ਮੁੱਖ ਰੱਖ ਕੇ ਇਸ ਰੂਪਾਕਾਰ ਦੇ ਸਰਬ-ਵਿਆਪਕ ਗੁਣ-ਲੱਛਣਾਂ ਦੀ ਨਿਸ਼ਾਨਦੇਹੀ ਕਰਨ ਦਾ ਉਪਰਾਲਾ ਕੀਤਾ ਹੈ। ਅੰਗ੍ਰੇਜ਼ੀ ਦੇ ਇਕ ਪ੍ਰਸਿੱਧ ਸਾਹਿਤ-ਚਿੰਤਕ W. P. Ker ਦੇ ਮੱਤ ਅਨੁਸਾਰ, 'ਮਹਾਕਾਵਿ ਵਿਚ ਚਰਿੱਤਰਾਂ ਦੀ

ਕਲਪਨਾ ਬਹੁਤ ਹੀ ਸਪਸ਼ਟ ਅਤੇ ਮੁਕੰਮਲ ਰੂਪ ਵਿਚ ਕੀਤੀ ਜਾਂਦੀ ਹੈ। ਇਸ ਲਈ ਉਨ੍ਹਾਂ ਦੀਆਂ ਵਿਭਿੰਨ ਮਨੋ-ਸਥਿਤੀਆਂ ਅਤੇ ਸਮੱਸਿਆਵਾਂ ਦੇ ਚਿੱਤਰਣ ਦੇ ਕਾਰਣ ਮਹਾਕਾਵਿ ਦੇ ਵਿਚ ਅਨੇਕ ਤਰ੍ਹਾਂ ਦੇ ਦ੍ਰਿਸ਼ਾਂ ਅਤੇ ਗੁਣਾਂ ਦਾ ਚਿੱਤਰਣ ਸਹਿਜੇ ਹੀ ਹੋ ਜਾਂਦਾ ਹੈ। ਇਸ ਤਰ੍ਹਾਂ ਇਸ ਵਿਚ ਸਮੁੱਚੇ ਜੀਵਨ ਦਾ ਕਾਰ-ਵਿਹਾਰ ਕਥਾ ਦਾ ਰੂਪ ਧਾਰ ਲੈਂਦਾ ਹੈ। ਮਹਾਕਾਵਿ ਦੀ ਸਫਲਤਾ ਕਵੀ ਦੀ ਕਲਪਨਾ ਸ਼ਕਤੀ ਅਤੇ ਚਰਿੱਤਰ ਚਿੱਤਰਣ ਉੱਪਰ ਨਿਰਭਰ ਕਰਦੀ ਹੈ। ਕੁਝ ਮਹਾਕਾਵਿਆਂ ਵਿਚ ਕਥਾਨਕ ਭਾਵੇਂ ਨਾਟਕੀ ਗੁਣਾਂ ਨਾਲ ਭਰਪੂਰ ਨਹੀਂ ਹੁੰਦਾ ਅਤੇ ਨਾਇਕ ਮਹੱਤਵਹੀਣ ਹੁੰਦਾ ਹੈ, ਫਿਰ ਵੀ ਅਜਿਹੇ ਕਥਾਨਕਾਂ ਵਿਚ ਵਿਸ਼ੇਸ਼ ਪ੍ਰਕਾਰ ਦੀ ਗਰਿਮਾ ਹੁੰਦੀ ਹੈ, ਜਿਸ ਕਾਰਣ ਉਹ ਮਹਾਕਾਵਿ ਮੰਨੇ ਜਾਂਦੇ ਹਨ।"[6]

ਅੰਗ੍ਰੇਜ਼ੀ ਦੇ ਇਕ ਹੋਰ ਆਲੋਚਕ ਐਬਰ ਕ੍ਰੌਂਬੀ ਦਾ ਕਹਿਣਾ ਹੈ ਕਿ ਕੇਵਲ ਆਕਾਰ ਵਿਚ ਵੱਡਾ ਹੋਣ ਨਾਲ ਹੀ ਕੋਈ ਰਚਨਾ ਮਹਾਕਾਵਿ ਦਾ ਰੁਤਬਾ ਹਾਸਿਲ ਨਹੀਂ ਕਰਦੀ। ਜੇ ਉਸਦੀ ਸ਼ੈਲੀ ਮਹਾਕਾਵਿ ਦੀ ਸ਼ੈਲੀ ਵਰਗੀ ਹੋਵੇਗੀ ਤਾਂ ਹੀ ਉਸ ਨੂੰ ਮਹਾਕਾਵਿ ਮੰਨਿਆਂ ਜਾ ਸਕਦਾ ਹੈ, ਅਤੇ ਉਹ ਸ਼ੈਲੀ ਕਵੀ ਦੀ ਕਲਪਨਾ, ਵਿਚਾਰਧਾਰਾ ਅਤੇ ਉਸਦੀ ਅਭਿਵਿਅਕਤੀ ਨਾਲ ਜੁੜੀ ਹੋਈ ਹੁੰਦੀ ਹੈ। ਇਸ ਸ਼ੈਲੀ ਦੇ ਕਾਵਿ (ਮਹਾਕਾਵਿ) ਸਾਨੂੰ ਇਕ ਅਜਿਹੀ ਦੁਨੀਆ ਵਿਚ ਪੁਚਾ ਦਿੰਦੇ ਹਨ ਜਿੱਥੇ ਕੁਝ ਵੀ ਮਹੱਤਵਹੀਨ ਜਾਂ ਨਿਰਾਰਥਕ ਨਹੀਂ ਹੁੰਦਾ। ਮਹਾਕਾਵਿ ਵਿਚ ਇਕ ਪੁਸ਼ਟ, ਸਪਸ਼ਟ ਅਤੇ ਪ੍ਰਤੀਕਾਤਮਕ ਉੱਦੇਸ਼ ਹੁੰਦਾ ਹੈ ਜਿਹੜਾ ਉਸਦੀ ਗਤੀ ਨੂੰ ਆਦਿ ਤੋਂ ਅੰਤ ਤਕ ਸੰਚਾਲਿਤ ਕਰਦਾ ਹੈ।[7]

ਇਸੇ ਤਰ੍ਹਾਂ ਇਕ ਹੋਰ ਵਿਦਵਾਨ C. M Bowra ਅਨੁਸਾਰ "ਮਹਾਕਾਵਿ ਇਕ ਲੰਮੇ ਆਕਾਰ ਦਾ ਕਥਾਤਮਕ ਕਾਵਿ-ਰੂਪ ਹੈ, ਜਿਸ ਵਿਚ ਕੁਝ ਮਹੱਤਵਪੂਰਣ ਅਤੇ ਗਰਿਮਾ ਭਰਪੂਰ ਘਟਨਾਵਾਂ ਦਾ ਵਰਣਨ ਹੁੰਦਾ ਹੈ ਅਤੇ ਜਿਸ ਵਿਚ ਕੁਝ ਚਰਿਤਰਾਂ ਦੇ ਕਿਰਿਆਸ਼ੀਲ ਅਤੇ ਭਿਅੰਕਰ ਕਾਰਜਾਂ ਨਾਲ ਭਰਪੂਰ ਜੀਵਨ ਦੀ ਕਹਾਣੀ ਪੇਸ਼ ਹੁੰਦੀ ਹੈ। ਉਸ ਨੂੰ ਪੜ੍ਹਨ ਨਾਲ ਸਾਨੂੰ ਖ਼ਾਸ ਕਿਸਮ ਦਾ ਆਨੰਦ ਮਿਲਦਾ ਹੈ, ਕਿਉਂਕਿ ਇਸ ਵਿਚਲੀਆਂ ਘਟਨਾਵਾਂ ਅਤੇ ਕਿਰਦਾਰ ਸਾਡੇ ਅੰਦਰ ਮਨੁੱਖ ਦੀ ਮਹਾਨਤਾ, ਗੌਰਵ ਅਤੇ ਉਪਲਬਧੀ ਪ੍ਰਤਿ ਦ੍ਰਿੜ੍ਹ ਆਸਥਾ ਪੈਦਾ ਕਰਦੇ ਹਨ" [8]

ਸੁਪ੍ਰਸਿੱਧ ਚਿੰਤਕ ਵਾਲਟੇਅਰ ਨੇ ਵੀ ਆਪਣੀ ਪੁਸਤਕ 'ਇੰਗਲਿਸ਼ ਐਪਿਕ ਐਂਡ ਹੀਰੋਇਕ ਪੋਇਟਰੀ' ਵਿਚ ਮਹਾਕਾਵਿ ਸੰਬੰਧੀ ਚਰਚਾ ਕਰਦਿਆਂ ਆਖਿਆ ਹੈ ਕਿ "ਅਜਿਹੀਆਂ ਰਚਨਾਵਾਂ ਹੀ ਮਹਾਕਾਵਿ ਅਖਵਾਉਣ ਦੀਆਂ ਅਧਿਕਾਰੀ ਹਨ ਜਿਨ੍ਹਾਂ ਵਿਚ ਕਿਸੇ ਮਹਾਨ ਘਟਨਾ ਦਾ ਵਰਣਨ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਲੋਕ ਵਿਹਾਰਕ ਤੌਰ ਤੇ ਮਹਾਕਾਵਿ ਮੰਨਣ ਲੱਗ ਜਾਂਦੇ ਹਨ। ਭਾਵੇਂ ਉਸ ਵਿਚਲੀ ਘਟਨਾ ਸਰਲ ਹੋਵੇ ਅਤੇ ਭਾਵੇਂ ਜਟਿਲ, ਭਾਵੇਂ ਇਕ ਥਾਂ ਤੇ ਘਟੀ ਹੋਵੇ ਅਤੇ ਭਾਵੇਂ ਉਸਦਾ ਨਾਇਕ ਸੰਸਾਰ ਭਰ ਵਿਚ ਭਟਕਦਾ ਫਿਰੇ, ਭਾਵੇਂ ਉਸ ਵਿਚ ਇਕ ਨਾਇਕ ਹੋਵੇ ਅਤੇ ਭਾਵੇਂ ਅਨੇਕ, ਭਾਵੇਂ ਉਸ ਦਾ ਨਾਇਕ ਅਭਾਗਾ ਹੋਵੇ ਅਤੇ ਭਾਵੇਂ ਦੁਰਭਾਗਾ, ਭਿਅੰਕਰ ਕਰੋਧੀ ਹੋਵੇ ਅਤੇ ਭਾਵੇਂ ਧਰਮਾਤਮਾ, ਭਾਵੇਂ ਉਹ ਰਾਜਾ ਹੋਵੇ ਅਤੇ ਭਾਵੇਂ ਸੈਨਾਪਤੀ ਜਾਂ ਇਨ੍ਹਾਂ ਵਿਚੋਂ ਕੋਈ ਵੀ ਨਾ ਹੋਵੇ। ਭਾਵੇਂ ਉਸਦੇ ਦ੍ਰਿਸ਼ ਮਹਾਸਾਗਰ ਦੇ ਹੋਣ ਤੇ ਭਾਵੇਂ ਧਰਤੀ ਦੇ, ਸਵਰਗ ਦੇ ਹੋਣ ਤੇ ਭਾਵੇਂ ਨਰਕ ਦੇ, ਇਸ ਨਾਲ ਕੁਝ ਨਹੀਂ ਬਣਦਾ ਵਿਗੜਦਾ।. . ." [9]

ਵਾਲਟੇਅਰ ਦਾ ਭਾਵ ਇਹ ਹੈ ਕਿ ਮਹਾਕਾਵਿ ਵਿਚ ਕੁਝ ਅਜਿਹੇ ਗੁਣ ਹੁੰਦੇ ਹਨ, ਜਿਹੜੇ ਭਾਵੇਂ ਸ਼ਬਦਾਂ ਵਿਚ ਵਿਅਕਤ ਕੀਤੇ ਨਾ ਜਾ ਸਕਣ, ਪਰ ਸਮਾਜ ਆਪਣੀ ਸਹਿਜ-ਬੁੱਧ ਰਾਹੀਂ ਉਨ੍ਹਾਂ ਨੂੰ ਪਛਾਣਦਾ ਹੈ। ਇਸ ਤਰ੍ਹਾਂ ਕਿਸੇ

ਕਾਵਿ ਦਾ ਮਹਾਕਾਵਿ ਹੋਣਾ ਕੁਝ ਬਾਹਰਲੇ ਲੱਛਣਾਂ ਜਾਂ ਪਰੰਪਰਾਗਤ ਰੂੜ੍ਹੀਆਂ ਦੇ ਅਪਣਾਏ ਜਾਣ ਤੇ ਨਹੀਂ ਸਗੋਂ ਸਮਾਜ ਦੀ ਪ੍ਰਵਾਨਗੀ ਤੇ ਨਿਰਭਰ ਕਰਦਾ ਹੈ।

ਅਸਲ ਵਿਚ ਸਮਕਾਲੀ ਸਾਹਿਤ-ਚਿੰਤਕਾਂ ਨੇ ਮਹਾਕਾਵਿ ਦੇ ਕਾਲੰਤਰ ਵਿਚ ਪਰਿਵਰਤਿਤ ਜਾਂ ਰੂਪਾਂਤ੍ਰਿਤ ਹੋਏ ਸਰੂਪ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਇਸ ਦੀ ਵਿਆਪਕ ਅਤੇ ਸਰਬ-ਪ੍ਰਵਾਣਿਤ ਪਰਿਭਾਸ਼ਾ ਪ੍ਰਸਤੁਤ ਕਰਨ ਦਾ ਉਪਰਾਲ ਕੀਤਾ ਹੈ। ਇਸ ਮੰਤਵ ਲਈ ਇੰਟਰਨੈੱਟ ਉੱਤੇ ਉਪਲਬਧ ਕੁਝ ਮਹੱਤਵਪੂਰਣ ਕੋਸ਼ਾਂ/ਵਿਸ਼ਵਕੋਸ਼ਾਂ ਦੇ ਹਵਾਲੇ ਦਿੱਤੇ ਜਾ ਸਕਦੇ ਹਨ। ਮਿਸਾਲ ਵਜੋਂ ਇੱਥੇ 'Literary Dictionary' ਦੀ entry ਦੇ ਅੰਤਰਗਤ ਇਕ ਥਾਂ ਤੇ ਮਹਾਕਾਵਿ ਨੂੰ ਇਕ ਅਜਿਹੀ ਲੰਮੀ ਬਿਰਤਾਂਤਕ ਕਵਿਤਾ ਆਖਿਆ ਗਿਆ ਹੈ ਜਿਸ ਵਿਚ ਕਿਸੇ ਇਕ ਜਾਂ ਬਹੁਤ ਲੋਕ-ਪ੍ਰਸਿੱਧ ਨਾਇਕਾਂ ਦੇ ਮਹਾਨ ਕਾਰਜਾਂ ਦਾ ਉੱਦਾਤ ਸ਼ੈਲੀ ਵਿਚ ਜਸ਼ਨਮਈ ਵਰਣਨ ਕੀਤਾ ਜਾਂਦਾ ਹੈ। ਇਸ ਦਾ ਨਇਕ ਆਮ ਤੌਰ ਤੇ ਜਾਂ ਤਾਂ ਦੇਵਤਿਆ ਵਿਚੋਂ ਉਪਜਿਆ ਹੁੰਦਾ ਹੈ ਅਤੇ ਜਾਂ ਦੈਵੀ ਸ਼ਕਤੀਆਂ ਦੀ ਸੁਰੱਖਿਆ ਵਿਚ ਵਿਚਰਦਾ ਹੈ। ਉਹ ਯੁੱਧ ਵਿਚ ਜਾਂ ਅਲੌਕਿਕ ਯਾਤਰਾਵਾਂ ਵਿਚ ਆਪਣੀ ਚਮਤਕਾਰੀ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਅਜਿਹਾ ਨਾਇਕ ਆਮ ਤੌਰ ਤੇ ਵਰਜਿਲ ਦੇ ਮਹਾਕਾਵਿ 'ਐਨੀਡ' (30-20 ਈ. ਪੂ.) ਵਿਚਲੇ ਨਾਇਕ ਵਾਂਗ ਕਿਸੇ ਕੌਮ ਦਾ ਸਿਰਜਕ ਜਾਂ ਰੱਖਿਅਕ ਵੀ ਹੋ ਸਕਦਾ ਹੈ ਅਤੇ ਜਾਂ ਮਿਲਟਨ ਦੇ 'ਪੈਰਾਡਾਈਜ਼ ਲਾਸਟ' (1667 ਈ.) ਦੇ ਨਾਇਕ ਵਾਂਗ ਸਮੁੱਚੀ ਮਾਨਵ-ਜਾਤੀ ਦਾ ਮੁਕਤੀ ਦਾਤਾ ਹੁੰਦਾ ਹੈ। ਵਰਜਿਲ ਤੇ ਮਿਲਟਨ ਦੇ ਮਹਾਕਾਵਿਆਂ ਨੂੰ ਸਾਹਿਤਕ ਜਾਂ ਕਲਾਤਮਕ ਮਹਾਕਾਵਿ ਆਖਿਆ ਜਾਂਦਾ ਹੈ। ਇਹ ਮਹਾਕਾਵਿ ਪ੍ਰਾਚੀਨ ਯੂਨਾਨੀ ਕਵੀ ਹੋਮਰ ਦੇ ਰਚੇ ਹੋਏ 'ਮੌਲਿਕ' ਜਾਂ ਰਵਾਇਤੀ ਮਹਾਕਾਵਿਆਂ – 'ਇਲੀਆਡ' ਤੇ 'ਓਡੇਸੀ' (8ਵੀਂ ਸਦੀ ਈ. ਪੂ.) ਨਾਲੋਂ ਵੱਖਰੀ ਪ੍ਰਕਿਰਤੀ ਵਾਲੇ ਹਨ ਜਿਨ੍ਹਾਂ ਦੀ ਸਿਰਜਣਾ ਮੌਖਿਕ ਪਰੰਪਰਾ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ।

ਇਸੇ ਤਰ੍ਹਾਂ ਐਨਸਾਈਕਲੋਪੀਡੀ ਬ੍ਰਿਟਾਨਿਕਾ ਆਨਲਾਈਨ – *Encyclopedia Britanica Online* –ਵਿਚ ਵੀ ਮਹਾਕਾਵਿ (epic) ਦੇ ਗੁਣ-ਲੱਛਣਾਂ ਬਾਰੇ ਸੰਖੇਪ ਚਰਚਾ ਕਰਦਿਆਂ ਇਸਦੇ ਸਰਬ-ਗ੍ਰਾਹੀ ਪਰਿਭਾਸ਼ਿਕ ਸਰੂਪ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜੋ ਇਸ ਪ੍ਰਕਾਰ ਹੈ :

"Long, narrative poem in an elevated style that celebrates heroic achievement and treats themes of historical, national, religious, or legendary significance. Primary (or traditional) **epic**s are shaped from the legends and traditions of a heroic age and are part of **oral tradition**; secondary (or literary) **epic**s are written down from the beginning, and their poets adapt aspects of traditional **epic**s. The poems of **Homer** are usually regarded as the first important **epic**s and the main source of **epic** conventions in western Europe. These conventions include the centrality of a **hero**, sometimes semidivine; an extensive, perhaps cosmic, setting; heroic battle; extended journeying; and the involvement of supernatural beings." [10]

ਇਸ ਪਰਿਭਾਸ਼ਾ ਅਨੁਸਾਰ ਮਹਾਕਾਵਿ “ਇਕ ਅਜਿਹੀ ਲੰਮੀ ਕਵਿਤਾ ਹੈ ਜਿਹੜੀ ਉੱਦਾਤ ਸ਼ੈਲੀ ਵਿਚ ਨਾਇਕੀ ਦੇ ਕਾਰਨਾਮਿਆ ਦਾ ਜਸ਼ਨ ਮਨਾਉਂਦੀ ਹੈ ਅਤੇ ਅਜਿਹੇ ਵਿਸ਼ਿਆਂ ਨੂੰ ਪ੍ਰਸਤੁਤ ਕਰਦੀ ਹੈ ਜਿਹੜੇ ਇਤਿਹਾਸਕ, ਰਾਸ਼ਟਰੀ ਜਾਂ ਦੰਤ-ਕਥਾਵੀ ਸਾਰਥਕਤਾ ਰੱਖਦੇ ਹਨ।” ਇਸਤੋਂ ਇਲਾਵਾ ਇੱਥੇ ਦੋ ਤਰ੍ਹਾਂ ਦੇ ਮਹਾਕਾਵਿਆਂ - ਮੌਲਿਕ ਮਹਾਕਾਵਿ ਅਤੇ ਸਾਹਿਤਕ ਮਹਾਕਾਵਿ - ਦੀ ਗੱਲ ਵੀ ਕੀਤੀ ਗਈ ਹੈ ਜੋ ਬਹੁਤ ਮਹੱਤਵਪੂਰਣ ਹੈ। ਇਨ੍ਹਾਂ ਦੋਹਾਂ ਤਰ੍ਹਾਂ ਦੇ ਮਹਾਕਾਵਿਆਂ ਦੀ ਪ੍ਰਕਿਰਤੀ ਵੱਖੋ-ਵੱਖਰੀ ਹੈ। ਇਸ ਦੇ ਅਨੁਸਾਰ “ਮੁੱਢਲੇ ਜਾਂ ਰਵਾਇਤੀ ਮਹਾਕਾਵਿ” ਆਮ ਤੌਰ ਤੇ ਵੀਰਤਾ ਦੇ ਯੁੱਗ (heroic age) ਦੀਆਂ ਦੰਤ-ਕਥਾਵਾਂ ਜਾਂ ਰਵਾਇਤਾਂ ਉੱਤੇ ਆਧਾਰਿਤ ਹੁੰਦੇ ਹਨ ਅਤੇ ਉਥੋਂ ਦੀ ਮੌਖਿਕ ਪਰੰਪਰਾ ਦਾ ਅੰਗ ਹੁੰਦੇ ਹਨ ਜਦੋਂ ਕਿ “ਦੂਜੈਲੇ (ਜਾਂ ਸਾਹਿਤਕ) ਮਹਾਕਾਵਿ” ਨਵੇਂ ਸਿਰਿਓਂ ਲਿਖੇ ਜਾਂਦੇ ਹਨ ਅਤੇ ਇਨ੍ਹਾਂ ਦੇ ਰਚੈਤਾ ਰਵਾਇਤੀ ਮਹਾਕਾਵਿਆਂ ਦੇ ਚੋਣਵੇਂ ਪੱਖਾਂ ਦੀ ਲੋੜ ਅਨੁਸਾਰ ਢੁਕਵੀਂ ਵਰਤੋਂ ਕਰਦੇ ਹਨ। ਮੁੱਢਲੇ ਜਾਂ ਵਿਕਾਸਸ਼ੀਲ਼ ਮਹਾਕਾਵਿਆਂ ਵਿਚ ਲਾਜ਼ਮੀ ਤੌਰ ‘ਤੇ ਰੁਮਾਂਟਿਕ ਤੱਤ ਵਧੇਰੇ ਹੁੰਦੇ ਸਨ। ਉਨ੍ਹਾਂ ਮਹਾਕਾਵਿਆਂ ਵਿਚ ਰੁਮਾਂਟਿਕ ਕਲਪਨਾਵਾਂ ਅਲੌਕਿਕ ਅਤੇ ਪਰਾ-ਸਰੀਰਕ ਤੱਤਾਂ ਅਤੇ ਕਥਾਨਕ ਰੁੜ੍ਹੀਆਂ ਦਾ ਸਹਾਰਾ ਲੈਕੇ ਇਸਤਮਾਲ ਹੋਈਆਂ ਹਨ।

ਉਪਰੋਕਤ ਚਰਚਾ ਦੀ ਰੌਸ਼ਨੀ ਵਿਚ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਸਮੂਹ ਸਾਹਿਤਕ ਰੂਪਾਕਾਰਾਂ ਵਾਂਗ ਮਹਾਕਾਵਿ ਦਾ ਰੂਪਾਕਾਰ ਵੀ ਕੋਈ ਸਥਿਰ ਸੰਕਲਕਪ ਨਹੀਂ। ਸਮਾਜ-ਸ਼ਾਸਤਰੀ ਤੇ ਇਤਿਹਾਸਕ ਵਿਕਾਸ ਦੀ ਦ੍ਰਿਸ਼ਟੀ ਤੋਂ ਦੇਖਣ ਨਾਲ ਪਤਾ ਚਲਦਾ ਹੈ ਕਿ ਮਹਾਕਾਵਿ ਦੇ ਵਿਭਿੰਨ ਰੂਪਾਂ ਤੇ ਸ਼ੈਲੀਆਂ ਦਾ ਵਿਕਾਸ ਸਮਾਜ ਦੇ ਵਿਕਾਸਕ੍ਰਮ ਦੇ ਅਨੁਰੂਪ ਹੀ ਹੋਇਆ ਹੈ। ਮਿਸਾਲ ਵਜੋਂ ਵਿਕਾਸਸ਼ੀਲ ਮਹਾਕਾਵਿ ਲਾਜ਼ਮੀ ਤੌਰ ਤੇ ਮੁੱਢਲੇ ਵੀਰਤਾ-ਯੁੱਗ (*Heroic Age*) ਤੇ ਸਾਮੰਤੀ ਯੁੱਗ (*Age of Chivalry*) ਵਿਚ ਵਿਕਸਿਤ ਹੋਏ। ਜਦੋਂ ਕਿ ਪਤਨ-ਮੁਖੀ ਸਾਮੰਤੀ ਯੁੱਗ ਵਿਚ ਰੂੜ੍ਹੀਵਾਦੀ ਪ੍ਰਵਿਰਤੀਆਂ ਦੀ ਸੰਕੀਰਣਤਾ ਅਤੇ ਕਠੋਰਤਾ ਅਤੇ ਸਾਮੰਤੀ ਮਨੋਬਿਰਤੀ ਦੇ ਕਾਰਣ ਇਕ ਪਾਸੇ ਤਾਂ ਅਤਕਥਨੀ ਅਲੰਕਾਰ-ਪ੍ਰਧਾਨ ਅਤੇ ਚਮਤਕਾਰ-ਪ੍ਰਧਾਨ ਮਹਾਕਾਵਿ ਲਿਖੇ ਗਏ, ਤਾਂ ਦੂਸਰੇ ਪਾਸੇ, ਲੋਕ-ਆਸ਼੍ਰਿਤ ਧਰਮ ਅਤੇ ਲੋਕ-ਵਿਸ਼ਵਾਸ ਤੋਂ ਸਹਾਰਾ ਲੈ ਕੇ ਸਾਮੰਤੀ ਬੰਧਨਾਂ ਦੇ ਖ਼ਿਲਾਫ਼ ਵਿਦਰੋਹੀ ਭਾਵਨਾ ਕਾਰਣ ਰੋਮਾਨੀ, ਇਤਿਹਾਸਕ ਅਤੇ ਪੌਰਾਣਿਕ ਸ਼ੈਲੀ ਵਾਲੇ ਮਹਾਕਾਵਿ ਲਿਖੇ ਗਏ। ਸਾਮੰਤੀ ਯੁੱਗ ਤੋਂ ਬਾਦ ਪੂੰਜੀਵਾਦੀ ਯੁੱਗ ਵਿਅਕਤੀਗਤ ਵਿਦਰੋਹ, ਰਾਸ਼ਟਰੀਅਤਾ ਅਤੇ ਆਜ਼ਾਦੀ ਦੀ ਭਾਵਨਾ ਨੂੰ ਲੈ ਕੇ ਸਾਮ੍ਹਣੇ ਆਉਂਦਾ ਹੈ ਜਿਸ ਦੇ ਫਲਰੂਪ ਆਧੁਨਿਕ ਯੁੱਗ ਵਿਚ ਬੰਧਨ-ਮੁਕਤ ਖੁਲ੍ਹੀ ਸ਼ੈਲੀ ਵਾਲੇ ਮਹਾਕਾਵਿ ਰਚੇ ਗਏ। ਇਸ ਸ਼ੈਲੀ ਦੇ ਅੰਤਰਗਤ ਰੂਪਕ-ਕਥਾਤਮਕ (*Allegorical*), ਮਨੋਵਿਗਿਆਨਕ, ਨਾਟਕੀ, ਪ੍ਰਗੀਤਾਤਮਕ ਆਦਿ ਕਈ ਸ਼ੈਲੀਆਂ ਆ ਜਾਂਦੀਆਂ ਹਨ। ਇਨ੍ਹਾਂ ਸਮੂਹ ਸ਼ੈਲੀਆ ਦੀ ਮੂਲ ਪ੍ਰਵਿਰਤੀ ਸਾਮੰਤੀ ਯੁੱਗ ਦੀਆਂ ਰੂੜ੍ਹੀਆਂ ਅਤੇ ਸਨਾਤਨੀ ਮਹਾਕਾਵਿ ਦੇ ਕਠੋਰ ਬੰਧਨਾਂ ਤੋਂ ਵਿਦਰੋਹ ਦੀ ਹੈ।

ਉਪਰੋਕਤ ਤੱਥ ਦੀ ਪ੍ਰੋੜ੍ਹਤਾ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਰਚੇ ਗਏ ਮਹਾਕਾਵਿਆਂ ਦੇ ਅਧਿਐਨ ਤੋਂ ਭਲੀ ਭਾਂਤ ਹੋ ਜਾਂਦੀ ਹੈ। ਮਿਸਾਲ ਵਜੋਂ ਹਿੰਦੀ ਦੇ ਮਹਾਕਾਵਿ - ਕਾਮਾਇਨੀ, ਸਾਕੇਤ, ਪ੍ਰਿਯ ਪ੍ਰਵਾਸ, ਲੋਕਾਇਤ, ਨੂਰ ਜਹਾਂ, ਕੁਰੂਕਸ਼ੇਤਰ ਅਤੇ ਚਿਤਰਲੇਖਾ - ਅਤੇ ਪੰਜਾਬੀ ਦੇ ਆਧੁਨਿਕ ਮਹਾਕਾਵਿ - ਲਕਸ਼ਮੀ ਦੇਵੀ, ਰਾਣਾ ਸੂਰਤ ਸਿੰਘ, ਵਿਸ਼ਵ ਨੂਰ, ਮਰਦ ਅਗੰਮੜਾ, ਲੂਣਾ, ਨਾਨਕਾਇਨ ਆਦਿ ਦੇਖੇ ਜਾ ਸਕਦੇ ਹਨ। ਇਨ੍ਹਾਂ ਆਧੁਨਿਕ ਮਹਾਕਾਵਿਆਂ ਵਿਚ ਭਾਵੇਂ

ਮਹਾਕਾਵਿ ਦੇ ਬੁਨਿਆਦੀ ਸਰੋਕਾਰਾਂ ਦਾ ਅਨੁਸਰਣ ਕੀਤਾ ਗਿਆ ਹੈ ਪਰ ਇਨ੍ਹਾਂ ਵਿਚ ਵਰਤੀ ਗਈ ਵਿਧੀ ਅਤੇ ਸ਼ੈਲੀ ਪਰੰਪਰਕ ਜਾਂ ਕਲਾਸੀਕਲ ਮਹਾਕਾਵਿਆਂ ਨਾਲੋਂ ਵੱਖਰੀ ਹੈ ਜੋ ਮੋਟੇ ਤੌਰ ਤੇ ਆਧੁਨਿਕ ਚੇਤਨਾ ਅਤੇ ਸੰਵੇਦਨਾ ਦੀ ਸਾਖੀ ਭਰਦੀ ਹੈ। ਇਨ੍ਹਾਂ ਮਹਾਕਾਵਿਆਂ ਦੀ ਗਲਪ-ਵਿਧੀ ਦੀ ਯਾਤਰਾ ਮਿੱਥ ਤੇ ਰੋਮਾਂਸ ਤੋਂ ਅਨੁਕਰਣ ਵਲ ਹੈ। ਭਾਵੇਂ ਇਨ੍ਹਾਂ ਵਿਚ ਮਿੱਥ ਤੇ ਰੋਮਾਂਸ ਦੀ ਰਚਨਾ-ਜੁਗਤ ਨੂੰ ਪੂਰੀ ਤਰ੍ਹਾਂ ਵਿਸਥਾਪਿਤ ਤਾਂ ਨਹੀਂ ਕੀਤਾ ਗਿਆ ਪਰ ਤਾਂ ਵੀ ਵਿਗਿਆਨ ਚੇਤਨਾ ਦੇ ਨਵੇਂ ਉੱਸਰ ਰਹੇ ਮਾਹੌਲ ਵਿਚ ਚੇਤ-ਅਚੇਤੀ ਇਨ੍ਹਾਂ ਰਚਨਾ-ਜੁਗਤਾਂ ਦਾ ਰੂਪਾਂਤਰਣ ਅਵੱਸ਼ ਦ੍ਰਿਸ਼ਟੀਗੋਚਰ ਹੁੰਦਾ ਹੈ। ਇਨ੍ਹਾਂ ਦੇ ਰਚਨਾ-ਸੰਸਾਰ ਵਿਚਲੇ ਦੈਵੀ ਪਾਤਰ ਅਤੇ ਚਮਤਕਾਰੀ ਘਟਨਾਵਾਂ ਵਧੇਰੇ ਪ੍ਰਤੀਕਾਤਮਕ ਅਰਥਾਂ ਦਾ ਬੋਧ ਕਰਾਉਣ ਵਾਲੀਆ ਹੋ ਨਿਬੜਦੀਆ ਹਨ। ਅਜਿਹੀ ਸਥਿਤੀ ਵਿਚ ਇਸ ਨੂੰ ਮਹਾਕਾਵਿ ਦੇ ਰੂਪਾਕਾਰਕ ਪਰਿਵਰਤਨ ਜਾਂ ਰੂਪਾਂਤਰਣ ਦਾ ਹੀ ਉੱਘੜਵਾਂ ਪ੍ਰਮਾਣ ਮੰਨਿਆਂ ਜਾਵੇਗਾ।

**ਹਵਾਲੇ ਤੇ ਟਿਪਣੀਆਂ :**

---

[1] "The growth of Epic out of the older and commoner forms of poetry, hymns, dirges, or panegyrics, is a progress towards intellectual and imaginative freedom. Few nations have attained, at the close of their heroic age, to a form of poetical art in which men are represented freely in action and conversation." ***Ker, W. P., Epic and Romance***

[2] "**epic** n. 1. An extended narrative poem in elevated or dignified language, celebrating the feats of a legendary or traditional hero. 2. A literary or dramatic composition that resembles an extended narrative poem celebrating heroic feats." ***American Heritage Dictionary***

[3] ਵਿਸਤਾਰ ਲਈ ਦੇਖੋ, ***ਹਿੰਦੀ ਸਾਹਿਤਯ ਕੋਸ਼***

[4] *Robert Harris,* ***A Glossary of Literary Terms***

[5] ਦੇਖੋ, ***ਹਿੰਦੀ ਸਾਹਿਤਯ ਕੋਸ਼***

[6] ***Epic and Romance****, p- 17*

[7] ***The Epic****, p-41-42*

[8] ***From Virgil To Milton****, p-1*

[9] *Voltaire,* ***English Epic and Heroic Poetry****, p-9*

[10] ***Encyclopedia Britanica Online***